International Journal of Information Movement Vol.2 Issue VIII (December 2017)
Website: www.ijim.in ISSN: 2456-0553 (online) Pages 116-118

# ਗੁਰੂ ਗੋਬਿੰਦ ਸਿੰਘ ਅਤੇ ਇਸਲਾਮ

**ਸੁਖਜੀਤ ਕੌਰ**
ਲੈਕਚਰਾਰ ਇਤਿਹਾਸ
ਖਾਲਸਾ ਕਾਲਜ਼ ਫਾਰ ਵੂਮੈਨ, ਸਿਵਲ ਲਾਈਂਜ਼ ਲੁਧਿਆਣਾ।
ਭਾਈ ਦਿੱਤ ਸਿੰਘ ਦੀ ਸ਼ਖਸੀਅਤ

E-mail : gillsukhjeet25@ymail.com

ਆਪਣੀ ਸ਼ਰਧਾ ਪ੍ਰਗਟ ਕੀਤੀ। ਔਰੰਗਜ਼ੇਬ ਨੇ ਬਾਅਦ ਵਿੱਚ ਜਦੋਂ ਨੰਦ ਲਾਲ ਨੂੰ ਮੁਸਲਮਾਨ ਬਣਾਉਣਾ ਚਾਹਿਆ ਤਾਂ ਉਹ ਵੀ ਭੱਜ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਚਲਾ ਗਿਆ ਸੀ।

ਅਨੰਦਪੁਰ ਦੀ ਲੜਾਈ ਸਮੇਂ ਇੱਕ ਮੁਗਲ ਜਰਨੈਲ ਸੱਯਦ ਬੇਗ ਜੋ ਸ਼ਾਹੀ ਸੈਨਾ ਦੀ ਆਗਵਾਈ ਕਰ ਰਿਹਾ ਸੀ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਦਾ ਪੱਕਾ ਸਾਥੀ ਬਣ ਗਿਆ। ਗੁਰੂ ਜੀ ਦੀ ਸੈਨਾ ਵਿਚ ਬਹੁਤ ਸਾਰੇ ਅਜੇਹੇ ਮੁਸਲਮਾਨ ਸਨ ਜੋ ਉਹਨਾਂ ਨੂੰ ਸੱਚਾਈ ਤੇ ਇਨਸਾਫ ਦੇ ਰਸਤੇ ਤੇ ਚਲਣ ਵਾਲਾ ਆਪਣਾ ਨੂਰਾਨੀ ਮਾਲਕ ਸਮਝਦੇ ਸਨ। ਉਹਨਾਂ ਨੂੰ ਪਤਾ ਸੀ ਕਿ ਗੁਰੂ ਜੀ ਕਿਸੇ ਕੌਮ ਦੇ ਖਿਲਾਫ ਨਹੀਂ ਬਲਕਿ ਜ਼ੁਲਮ, ਜ਼ਬਰ ਤੇ ਅਤਿਆਚਾਰਾਂ ਵਿਰੁੱਧ ਲੜ ਰਹੇ ਸਨ। ਔਰੰਗਜੇਬ਼ ਉਹਨਾਂ ਨੂੰ ਡਰਾਉਣ ਧਮਕਾਉਣ ਲਈ ਬਾਰ-ਬਾਰ ਉਹਨਾਂ ਨੂੰ ਧਮਕੀਆਂ ਦਿੰਦਾ ਰਿਹਾ ਬਾਰ-ਬਾਰ ਸੈਨਾ ਭੇਜਦਾ ਰਿਹਾ ਪਰ ਗੁਰੂ ਜੀ ਨਹੀਂ ਡਰੇ। ਉਹਨਾਂ ਨੇ ਪਹਾੜੀ ਰਾਜਿਆਂ ਵਿਰੁੱਧ ਵੀ ਉਹਨਾਂ ਦੇ ਜ਼ੁੱਲਮਾਂ ਖਿਲਾਫ ਤਲਵਾਰ ਚੁੱਕੀ ਜੇ ਕਰ ਉਹ ਇਕੱਲੇ ਇਸਲਾਮ ਦੇ ਵਿਰੁੱਧ ਹੁੰਦੇ ਤਾਂ ਉਹ ਹਿੰਦੂ ਰਾਜਿਆਂ ਨਾਲ ਨਾ ਲੜਦੇ ਬਲਕਿ ਉਹ ਸਿਰਫ ਜ਼ੁਲੱਮ ਖਿਲਾਫ ਲੜ ਰਹੇ ਸਨ।

ਜਦੋਂ ਭਾਈ ਘਨੀਆ ਜੀ ਯੁੱਧ ਦੇ ਮੈਦਾਨ ਵਿਚ ਬਿਨਾ ਕਿਸੇ ਭੇਦ-ਭਾਵ ਤੋਂ ਪਾਣੀ ਪਿਲਾ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਨੂੰ ਮਲ੍ਹੱਮ ਵੀ ਦਿੱਤੀ ਸੀ ਕਿ ਬਿਨਾ ਵਿਤਕਰੇ ਦੇ ਲਗਾਈ ਜਾਈ। ਇਸ ਤਰ੍ਹਾਂ ਉਹਨਾਂ ਨੂੰ ਕਿਸੇ ਕੌਮ ਦੇ ਦੁਸ਼ਮਣ ਨਹੀਂ ਕਿਹਾ ਜਾ ਸਕਦਾ। ਬਲਕਿ ਅਨੰਦਪੁਰ ਦੀ ਦੂਜੀ ਲੜਾਈ ਸਮੇਂ ਮੁਸਲਮਾਨ ਫੌਜਾਂ ਨੇ ਕੁਰਾਨ ਤੇ ਹੱਥ ਰੱਖ ਕੇ ਕਸਮਾਂ ਖਾਧੀਆਂ ਸਨ ਕਿ ਜੇ ਤਸੀਂ ਅਨੰਦਪੁਰ ਦਾ ਕਿਲ੍ਹਾ ਛੱਡ ਦੇਵੋਗੇ ਤਾਂ ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ ਪਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਕਿੱਲ੍ਹਾ ਛੱਡ ਦਿੱਤਾ ਤਾਂ ਮੁਗਲ ਫੌਜਾਂ ਨੇ ਉਹਨਾਂ ਦਾ ਭਾਰੀ ਨੁਕਸਾਨ ਕੀਤਾ ਸੀ।

ਸਾਨੂੰ ਭਾਈਚਾਰਕ ਸਾਂਝ ਦੀ ਇੱਕ ਹੋਰ ਉਦਹਾਰਨ ਉਦੋਂ ਮਿਲਦੀ ਹੈ ਜਦੋਂ ਮਲੇਰਕੋਟਲਾ ਦੇ ਨਵਾਬ ਸ਼ੇਰ ਮਹੁੰਮਦ ਖਾਂ ਨੇ ਮੁਗਲ ਹਕੂਮਤ ਵਿਰੁੱਧ ਇਤਰਾਜ ਉਠਾਇਆ ਸੀ। ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਕਤੱਲ ਨਾ ਕਰੋ ਇਹ ਅਜੇ ਛੋਟੇ ਹਨ। ਪਰ ਮਜ਼੍ਹਬ ਦੇ ਜਨੂੰਨ ਵਿੱਚ ਰੰਗੇ ਹੋਏ ਵਜ਼ੀਰ ਖਾਂ ਨੇ ਉਹਨਾਂ ਨੂੰ ਕਤੱਲ ਕਰਵਾ ਦਿੱਤਾ ਪਰ ਗੁਰੂ ਜੀ ਨੇ ਤਾਂ ਵੀ ਸਬਰ ਦਾ ਪਿਆਲਾ ਪੀਤਾ ਸਿੱਖ ਅੱਜ ਵੀ ਮਲੇਰਕੋਟਲਾ ਦੇ ਨਵਾਬ ਸ਼ੇਰ ਮਹੁੰਮਦ ਦਾ ਅਹਿਸਾਨ ਨਹੀਂ ਭੁੱਲੇ ਹਨ। ਮਲੇਰਕੋਟਲਾ ਅੱਜ ਵੀ ਪੰਜਾਬ ਦਾ ਇੱਕੋ-ਇੱਕ ਮੁਸਲਿਮ ਇਲਾਕਾ ਹੈ ਜਿੱਥੇ ਸਿੱਖ, ਹਿੰਦੂ, ਇਸਾਈ ਤੇ ਮੁਸਲਮਾਨ ਮਿਲ-ਜੁਲ ਕੇ ਰਹਿੰਦੇ ਹਨ ਤੇ 1947 ਦੀ ਵੰਡ ਦਾ ਵੀ ਇਸ ਤੇ ਕੋਈ ਅਸਰ ਨਹੀਂ ਪਿਆ।[8]

ਦੋ ਰੋਹੇਲੇ ਪਠਾਣ ਭਰਾ ਗਨੀ ਖਾਂ ਤੇ ਨਬੀ ਖਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਮਾਛੀਵਾੜੇ ਦੇ ਜੰਗਲਾਂ ਵਿੱਚੋਂ 'ਉੱਚ ਦਾ ਪੀਰ' ਬਣਾ ਕੇ ਕੱਢਿਆ ਸੀ। ਜਦੋਂ ਗੁਰੂ ਸਾਹਿਬ ਦੀ ਪਹਿਚਾਣ ਲਈ ਕਾਜ਼ੀ ਪੀਰ ਮਹੁੰਮਦ ਨੂੰ ਲਿਆਂਦਾ ਗਿਆ ਤਾਂ ਉਸ ਨੇ ਵੀ ਗੁਰੂ ਸਾਹਿਬ ਨੂੰ ਜ਼ਾਲਮਾਂ ਤੋਂ ਬਚਾਉਣ ਲਈ ਕਿਹਾ ਸੀ ਕਿ ਇਹ ਤਾਂ 'ਉੱਚ ਦੇ ਪੀਰ' ਹਨ ਗੁਰੂ ਸਾਹਿਬ ਦਾ ਇੱਕ ਨਿਕਟਵਰਤੀ ਸਿੱਖ ਮਹੰਤ ਕਿਰਪਾਲ ਤਾਂ ਗੁਰੂ ਜੀ ਨੂੰ ਆਪਣੇ ਕੋਲ ਪਨਾਹ

International Journal of Information Movement Vol.2 Issue VIII (December 2017)
Website: www.ijim.in ISSN: 2456-0553 (online) Pages 116-118

ਦੇਣ ਤੋਂ ਘਬਰਾਉਂਦਾ ਹੈ ਜਦ ਕਿ ਜਟਪੁਰੇ ਦਾ ਮੁਸਲਮਾਨ ਚੌਧਰੀ ਰਾਏ ਕਲ੍ਹਾਂ ਗੁਰੂ ਸਾਹਿਬ ਨੂੰ ਆਪਣੇ ਪਾਸ ਪਨਾਹ ਦੇਂਦਾ ਹੈ ਅਤੇ ਇੱਕ ਆਦਮੀ ਨੂੰ ਸਰਹੰਦ ਭੇਜ ਕੇ ਛੋਟੇ ਸਾਹਿਬਜਾਦਿਆਂ ਦੇ ਕਤਲ ਦੀ ਪੂਰੀ ਵਿਥਿਆ ਵੀ ਮੰਗਵਾ ਕੇ ਦੇਂਦਾ ਹੈ।[9] ਲੱਖੀ ਦੇ ਜੰਗਲ ਵਿੱਚ ਜਦੋਂ ਗੁਰੂ ਜੀ ਕੁਝ ਸਮਾਂ ਰਹੇ ਤਾਂ ਫ਼ਕੀਰ ਇਬਰਾਹੀਮ ਗੁਰੂ ਸਾਹਿਬ ਦੇ ਸੰਗਰਾਮ ਨੂੰ ਸਹੀ ਤੇ ਗੁਰੂ ਜੀ ਨੂੰ ਨਿਰਵੈਰ ਸਮਝਦਾ ਹੋਇਆ ਅਮ੍ਰਿੰਤ ਛੱਕ ਕੇ ਸਿੰਘ ਬਣ ਗਿਆ ਸੀ ਤੇ ਆਪਣਾ ਨਾਮ ਅਜਮੇਰ ਸਿੰਘ ਰੱਖ ਲਿਆ ਸੀ।

ਦੂਜੇ ਪਾਸੇ ਔਰੰਗਜੇਬ਼ ਸੁੰਨੀ ਮੁਸਲਮਾਨ ਸੀ ਜੋ ਇਸਲਾਮ ਧਰਮ ਦੇ ਨਿਯਮਾਂ ਨੂੰ ਕਟੜਤਾ ਨਾਲ ਲਾਗੂ ਕਰਨਾ ਚਾਹੁੰਦਾ ਸੀ। ਉਹ ਅਕਸਰ ਵਰਤ ਰੱਖਦਾ ਉਸ ਨੂੰ ਕੁਰਾਨ ਸਰੀਫ਼ ਜ਼ੁਬਾਨੀ ਯਾਦ ਸੀ। ਉਸ ਦੀ ਇਸ ਕਟੱੜ ਧਾਰਮਿਕ ਨੀਤੀ ਦਾ ਅਸਰ ਉਸ ਦੀ ਰਾਜਨੀਤੀ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਇਸੇ ਕਰਕੇ ਓਸ ਨੇ ਪੰਜਾਬ ਦੇ ਸੂਬੇਦਾਰ ਨੂੰ ਗੁਰੂ ਗੋਬਿੰਦ ਸਿੰਘ ਦੀ ਸ਼ਕਤੀ ਖਤਮ ਕਰਨ ਲਈ ਕਿਹਾ ਸੀ ਜਿਸ ਦੇ ਤਹਿਤ ਉਹਨਾਂ ਨੂੰ ਅਨੰਦਪੁਰ ਛੱਡਣਾ ਪਿਆ ਉਹਨਾਂ ਦੇ ਦੋ ਛੋਟੇ ਸਾਹਿਬਜਾਦੇ ਸ਼ਹੀਦ ਕਰ ਦਿੱਤੇ ਗਏ। ਮਾਤਾ ਗੁਜ਼ਰੀ ਜੀ ਵੀ ਬੱਚਿਆਂ ਦਾ ਸਦਮਾ ਨਾ ਸਹਿੰਦੇ ਹੋਏ ਚੱਲ ਵਸੇ। ਬਹੁਤ ਸਾਰੇ ਸਿੱਖ ਵੀ ਔਰੰਗਜੇਬ਼ ਦੇ ਅਤਿਆਚਾਰਾਂ ਦਾ ਸ਼ਿਕਾਰ ਹੋਏ। ਜਿਸ ਕਾਰਨ ਗੁਰੂ ਗੋਬਿੰਦ ਸਿੰਘ ਨੇ ਔਰੰਗਜੇਬ ਨੂੰ 'ਜ਼ਫਰਨਾਮਾ' ਲਿਖਿਆ ਇਹ ਫ਼ਾਰਸੀ ਭਾਸ਼ਾ ਵਿੱਚ ਲਿਖਿਆ ਗਿਆ ਸੀ। ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਨੂੰ ਅਹਿਸਾਸ ਹੋਇਆ ਕਿ ਉਸ ਨੇ ਕਿੰਨੇ ਜ਼ੁਲਮ ਕੀਤੇ ਹਨ। ਉਸ ਨੇ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਮੈਨੂੰ ਮਿਲਣ ਆਉਣ। ਗੁਰੂ ਜੀ ਵੀ ਉਸ ਨੂੰ ਮਿਲਣਾ ਚਾਹੁੰਦੇ ਸਨ ਤਾਂ ਜੋ ਉਸ ਨੂੰ ਪੰਜਾਬ ਦੇ ਹਾਲਾਤ ਦੱਸ ਸਕਣ ਕਿ ਉਸ ਦੇ ਅਧਿਕਾਰੀ ਪੰਜਾਬ ਦੇ ਲੋਕਾਂ ਤੇ ਕਿੰਨੇ ਜ਼ੁਲਮ ਕਰ ਰਹੇ ਹਨ। ਗੁਰੂ ਜੀ ਅਜੇ ਦੀਨਾ ਨਾ ਦੀ ਜਗ੍ਹਾਂ ਤੇ ਹੀ ਸਨ ਕਿ ਉਹਨਾਂ ਨੂੰ ਪਤਾ ਲੱਗਿਆ ਕਿ ਔਰੰਗਜੇਬ ਦੀ ਮੌਤ ਹੋ ਚੁੱਕੀ ਹੈ 24 ਫਰਵਰੀ 1707 ਨੂੰ। ਗੁਰੂ ਜੀ ਨੇ ਵਾਪਸ ਆਉਣ ਦੀ ਬਜਾਏ ਬਹਾਦਰ ਸ਼ਾਹ ਨੂੰ ਮਿਲਣ ਦਾ ਮਨ ਬਣਾਇਆ ਤੇ ਉਸ ਨੂੰ ਮਿਲਣ ਲਈ ਉਹ ਅਨੰਦਪੁਰ ਚੱਲ ਪਏ।[10]

ਔਰੰਗਜ਼ੇਬ ਦੀ ਮੌਤ ਸਮੇਂ ਉਸ ਦਾ ਵੱਡਾ ਪੁੱਤਰ ਬਹਾਦੁਰ ਸ਼ਾਹ ਅਫ਼ਗਾਨਿਸਤਾਨ ਦੇ ਖਿਲਾਫ ਲੜਾਈ ਲਈ ਗਿਆ ਹੋਇਆ ਸੀ। ਮੁਹੰਮਦ ਆਜ਼ਮ ਨੇ ਦਿੱਲੀ ਦੇ ਤੱਖਤ ਤੇ ਕਬਜ਼ਾ ਕਰ ਲਿਆ ਤਾਂ ਬਹਾਦੁਰ ਸ਼ਾਹ ਜਲਦੀ ਵਾਪਸ ਆਇਆ ਤੇ ਜਾਜੋ ਦੇ ਨੇੜੇ ਹੋਈ ਲੜਾਈ ਵਿੱਚ ਆਪਣੇ ਭਰਾ ਨੂੰ ਹਰਾ ਕੇ ਗੱਦੀ ਤੇ ਬੈਠ ਬਹਾਦਰ ਸ਼ਾਹ ਦੀ ਬੇਨਤੀ ਤੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਇੱਕ ਸੈਨਿਕ ਦਸਤੇ ਨੂੰ ਧਰਮ ਸਿੰਘ ਦੀ ਅਗਵਾਈ ਵਿੱਚ ਬਹਾਦਰ ਸ਼ਾਹ ਦੀ ਸਹਾਇਤਾ ਲਈ ਭੇਜਿਆ ਸੀ ਯੁੱਧ ਜਿੱਤਣ ਤੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਖਿਲਅਤ ਭੇਟ ਕੀਤੀ ਤੇ 60,000 ਦੀ ਰਕਮ ਵੀ ਭੇਜੀ। ਪਰ ਕਈ ਇਤਿਹਾਸਕਾਰ ਇਸ ਨਾਲ ਸਹਿਮਤ ਨਹੀਂ ਹਨ। ਪਰ ਏਨਾ ਜ਼ਰੂਰ ਹੈ ਕਿ ਗਰੂ ਜੀ ਬਹਾਦਰ ਸ਼ਾਹ ਨੂੰ ਮਿਲੇ ਜ਼ਰੂਰ ਸਨ।

ਗੁਰੂ ਗੋਬਿੰਦ ਸਿੰਘ ਚਾਹੁੰਦੇ ਸਨ ਕਿ ਬਹਾਦਰ ਸ਼ਾਹ ਪਹਾੜੀ ਰਾਜਿਆਂ ਅਤੇ ਸੂਬਾ ਸਰਹੰਦ ਦੇ ਖਿਲਾਫ ਕੋਈ ਕਾਰਵਾਈ ਕਰੇ ਤੇ ਉਹਨਾਂ ਦਾ ਅਨੰਦਪੁਰ ਰਹਿਣਾ ਯਕੀਨੀ ਬਣਾਵੇ ਪਰ ਬਹਾਦਰ ਸ਼ਾਹ ਅਜੇ ਨਵਾਂ-ਨਵਾਂ ਗੱਦੀ ਤੇ ਆਇਆ ਸੀ ਜਿਸ ਕਾਰਨ ਉਹ ਕਿਸੇ ਨੂੰ ਆਪਣੇ ਨਾਲ ਨਰਾਜ਼ ਨਹੀਂ ਸੀ ਕਰਨਾ ਚਾਹੁੰਦਾ। ਏਨੇ ਵਿੱਚ ਉਸ ਨੂੰ ਸਮਾਚਾਰ ਮਿਲਿਆ ਕਿ ਦੱਖਣ ਵਿੱਚ ਉਸਦੇ ਛੋਟੇ ਭਰਾ ਕਾਮ ਬਖਸ਼ ਨੇ ਬਗਾਵਤ ਕਰ ਦਿੱਤੀ ਹੈ ਜਿਸ ਕਾਰਨ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਵੀ ਉਹਨਾਂ ਦੇ ਨਾਲ ਹੀ ਚਲਣ। ਕਈ ਇਤਿਹਾਸਕਾਰ ਤਾਂ ਇਹ ਮੰਨਦੇ ਹਨ ਕਿ ਗੁਰੂ ਗੋਬਿੰਦ ਸਿੰਘ ਉਸ ਨਾਲ ਇਸ ਕਰਕੇ ਦੱਖਣੀ ਭਾਰਤ ਗਏ ਕਿਉਂਕਿ ਉਹਨਾਂ ਨੇ ਬਹਾਦਰ ਸ਼ਾਹ ਦੇ ਅਧੀਨ ਨੌਕਰੀ ਕਰ ਲਈ ਸੀ। ਪਰ ਇਹ ਵਿਚਾਰ ਸਹੀ ਨਹੀਂ ਹੈ, ਹੋ ਸਕਦਾ ਹੈ ਕਿ ਉਹਨਾਂ ਦਾ ਇਰਾਦਾ ਦੱਖਣੀ ਭਾਰਤ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੋਵੇ ਜਿਸ ਕਾਰਨ ਉਹ ਬਹਾਦਰ ਸ਼ਾਹ ਨਾਲ ਗਏ।[11] ਰਸਤੇ ਵਿੱਚ ਹੀ ਗੁਰੂ ਗੋਬਿੰਦ ਸਿੰਘ ਨੇ ਮਹਿਸੂਸ ਕਰ ਲਿਆ ਸੀ ਕਿ ਬਹਾਦੁਰ ਸ਼ਾਹ ਨੇ ਉਹਨਾਂ ਦੀ ਕੋਈ ਗੱਲ੍ਹ ਨਹੀਂ ਮੰਨਣੀ ਇਸ ਕਰਕੇ ਉਹ ਉਸ ਨਾਲੋਂ ਅਲੱਗ ਹੋ ਗਏ। ਗੁਰੂ ਗੋਬਿੰਦ ਸਿੰਘ ਨੇ ਦੱਖਣੀ ਭਾਰਤ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਇੱਥੇ ਹੀ ਵਜ਼ੀਰ ਖਾਂ ਦੁਆਰਾ ਭੇਜੇ ਗਏ ਦੋ ਪਠਾਣਾਂ ਨੇ ਛੁਰਾ ਮਾਰ ਕੇ ਉਹਨਾਂ ਨੂੰ ਜਖਮੀ ਕਰ ਦਿੱਤਾ ਤੇ ਬਾਅਦ ਵਿੱਚ ਇੱਥੇ ਹੀ ਉਹ ਜੋਤੀ-ਜੋਤ ਸਮਾਂ ਗਏ।

ਇਸ ਤਰ੍ਹਾਂ ਸਿੱਖ ਗੁਰੂ ਤੇ ਮੁਸਲਮਾਨ ਸਭ ਇੱਕ ਹੀ ਪਰਮਾਤਮਾਂ ਵਿੱਚ ਯਕੀਨ ਰੱਖਦੇ ਸਨ ਸਭ ਦਾ ਮੰਨਣਾ ਇਹੀ ਸੀ ਕਿ ਸਭ ਨੂੰ ਅਕਾਲ ਪੁਰਖ ਪਰਮਾਤਮਾ ਨੇ ਹੀ ਬਣਾਇਆ ਹੈ। ਉਹਨਾਂ ਨੇ ਸਭ ਨੇ ਤਲਵਾਰ ਵਰਤੀ ਆਪਣੀ ਰੱਖਿਆ ਲਈ ਨਾ ਕਿ ਦੂਜਿਆਂ ਨੂੰ ਡਰਾਉਣ ਧਮਕਾਉਣ ਲਈ। ਇਸ ਲਈ ਕਿਸੇ ਗੁਰੂ ਦੀ ਕਿਸੇ ਮੁਸਲਮਾਨ ਨਾਲ ਕੋਈ ਦੁਸ਼ਮਣੀ ਨਹੀਂ ਸੀ। ਬਲਕਿ ਗੁਰੂਆਂ ਦੇ ਬਹੁਤ ਸਾਰੇ ਮੁਸਲਮਾਨਾਂ ਨਾਲ ਮਿਤਰਤਾ ਪੂਰਵਕ ਸੰਬੰਧ ਸਨ।

## ਹਵਾਲੇ

1. ਪ੍ਰੋ: ਭਗਤ ਸਿੰਘ, ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964, ਪੰਨਾ 195
2. ਸਵਨ ਸਿੰਘ, ਗੁਰੂ ਗੋਬਿੰਦ ਸਿੰਘ ਐਂਡ ਇਸਲਾਮ, ਐਬਸਟਰੈਕਟਸ ਔਫ਼ ਸਿੱਖ ਸਟਡੀਜ਼, ਜਨਵਰੀ-ਮਾਰਚ 2017/548 NS, Vol. XIX, Issue 1, ਪੰਨਾ, 731 ।
3. ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਾਤੀ ਅਨੁਮਾਨਬੋ।। ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭਰਮਾਉ ਹੈ।
4. ਪ੍ਰੋ: ਭਗਤ ਸਿੰਘ, ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964, ਪੰਨਾ, 196
5. -ਉਹੀ-
6. ਡਾ: ਸੀ. ਐਚ ਲੋਹਿਲਿਨ, ਗੁਰੂ ਗੋਬਿੰਦ ਸਿੰਘ ਐਂਡ ਇਸਲਾਮ, ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ, 93
7. ਪ੍ਰੋ: ਭਗਤ ਸਿੰਘ, ਪੰਨਾ, 198
8. ਡਾ: ਸੀ. ਐਚ ਲੋਹਿਲਿਨ, ਪੰਨਾ, 97
9. ਪ੍ਰੋ. ਭਗਤ ਸਿੰਘ, ਪੰਨਾ, 199
10. -ਉਹੀ-
11. ਹੈਨਰੀ ਇਲੀਅਟ, ਹਿਸਟਰੀ ਔਫ ਇੰਡੀਆ ਐਜ਼ ਟੋਲਡ ਇਟਸ ਓਨ ਹਿਸਟੋਰੀਅਨਜ਼, ਪੰਨਾ, 566